ੴ ਸਤਿਗੁਰ ਪ੍ਰਸਾਦਿ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ 384

ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ

ਪਾਕਿਸਤਾਨ ਅੰਦਰ ਰਹੇ ਗੁਰਦੁਆਰੇ

ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਡਾਕਘਰ ਸਨੌਰ, ਪਟਿਆਲਾ ।

ਪੰਜਾਬ (ਇੰਡੀਆ)

ਪੈਸੇ—75

ਪਾਕਸਤਾਨ ਅੰਦਰ ਰਹੇ ਇਤਿਹਾਸਕ ਗੁਰਦੁਆਰੇ

ਸੰਨ 1947 ਦੀ ਦੇਸ਼ ਵੰਡ ਨੇ ਸਾਡੀ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਦੋ ਹਿਸਿਆਂ-ਪੂਰਬੀ ਤੇ ਪਛਮੀ ਪੰਜਾਬ ਵਿਚ ਵੰਡ ਦਿਤਾ ਸੀ। ਪਿਤਾ ਪੁਰਖੀ ਜਾਇਦਾਦ ਦੀ ਭਰਾਵਾਂ ਅੰਦਰ ਵੰਡ ਹੋਣ ਵਾਂਗ ਜੇ ਇਹ ਧਰਤੀ ਦੀ ਹੀ ਵੰਡ ਹੁੰਦੀ ਤਾਂ ਸਭ ਲੋਕ ਆਪਣੀ ੨ ਥਾਂ ਟਿਕੇ ਰਹਿੰਦੇ ਪਰ ਇਉਂ ਨ ਹੋਇਆ। ਪਛਮੀ ਪੰਜਾਬ ਵਿਚ ਮੁਸਲਮਾਨਾਂ ਦੀ ਵਸੋਂ ਜ਼ਿਆਦਾ ਹੋਣ ਕਰਕੇ ਉਨ੍ਹਾਂ ਇਸ ਨੂੰ ਨਿਰੋਲ ਮੁਸਲਮ ਦੇਸ਼ (ਪਾਕਸਤਾਨ) ਬਨਾਉਣ ਦਾ ਫੈਸਲਾ ਕੀਤਾ ਜਿਸ ਕਰਕੇ ਉਥੇ ਸਦੀਆਂ ਤੋਂ ਰਲ ਵਸਦੇ ਹਿੰਦੂ ਤੇ ਸਿਖਾਂ ਨੂੰ ਪਛਮੀ ਪੰਜਾਬ ਛਡ ਕੇ ਪੂਰਬੀ ਪੰਜਾਬ ਵਿਚ ਆ ਵਸਣ ਲਈ ਮਜਬੂਰ ਹੋਣਾ ਪਿਆ। ਇਓਂ ਹੀ ਪੂਰਬੀ ਪੰਜਾਬ ਅੰਦਰ ਵਸਦੇ ਮੁਸਲਮਾਨਾਂ ਦੀ ਵਡੀ ਗਿਣਤੀ ਪਛਮੀ ਪੰਜਾਬ ਅੰਦਰ ਜਾ ਵਸੀ। ਇਸ ਅਦਲਾ ਬਦਲੀ ਅੰਦਰ ਮਾਲੀ ਅਤੇ ਜਾਨੀ ਨੁਕਸਾਨ ਬਹੁਤ ਹੋਇਆ।

ਪਰ ਇਸ ਦੇਸ਼ ਦੀ ਵੰਡ ਤੋਂ ਕਦੀ ਪੂਰਾ ਨ ਹੋ ਸਕਣ ਵਾਲਾ ਕੌਮੀ ਨੁਕਸਾਨ ਜੋ ਸਿਖਾਂ ਨੂੰ ਹੋਇਆ ਓਹ ਉਨ੍ਹਾਂ ਦੇ ਬਹੁਤ ਸਾਰੇ ਮੁਖੀ ਧਰਮ ਅਸਥਾਨਾਂ ਅਥਵਾ ਇਤਿਹਾਸਕ ਗੁਰਦੁਆਰਿਆਂ ਦਾ ਉਨ੍ਹਾਂ ਦੀ ਸੇਵਾ ਸੰਭਾਲ ਤੋਂ ਵਾਂਝੇ ਰਹਿ ਜਾਣਾ ਬਲਕਿ ਉਨ੍ਹਾਂ ਗੁਰਦੁਆਰਿਆਂ ਦਾ ਹਮੇਸ਼ਾ ਲਈ ਤਾਲੇ ਬੰਦ ਹੋ ਜਾਣਾ ਸੀ ਜੋ ਤਾਲੇ ਲਗ ਪਗ ਅਧੀ ਸਦੀ ਬੀਤ ਜਾਣ ਦੇ ਬਾਵਜੂਦ ਅਜ ਤਕ ਨਹੀਂ ਖੋਹਲੇ ਜਾ ਸਕੇ ਅਤੇ ਜੇ ਇਹੋ ਹਾਲ ਰਿਹਾ ਤਾਂ ਸੰਭਵ ਹੈ ਕਿ ਸਵੇ ਇਨ੍ਹਾਂ ਦੇ ਨਿਸਾਨ ਭੀ ਮਿਟ ਜਾਣ।

ਸੰਨ 1979 ਵਿਚ ਵਾਸ਼ਿੰਗਟਨ (ਅਮ੍ਰੀਕਾ) ਵਿਚ 'ਨਨਕਾਣਾ ਸਾਹਿਬ ਫਾਊਂਡੇਸ਼ਨ' ਨਾਮ ਦੀ ਬਣੀ ਸੋਸਾਇਟੀ ਨੇ ਇਕ ਅੰਤਰਰਾਸ਼ਟਰੀ (International) ਵਫਦ (delegation) ਭੇਜ ਕੇ ਪਾਕਸਤਾਨ ਸੂਕਾਰ ਨਾਲ ਇਸ ਬਾਰੇ ਵਿਚਾਰ ਕਰਨ ਦਾ ਉਦਮ ਕੀਤਾ ਸੀ। ਇਸ ਵਫਦ ਵਿਚ ਵਖੋ ਵਖ ਮੁਲਕਾਂ ਦੇ ਹੇਠ ਲਿਖੇ ਅਨੁਸਾਰ ਪੰਜ ਪ੍ਰਤੀਨਿਧ ਸ਼ਾਮਲ ਕੀਤੇ ਗਏ ਸਨ :

(1) ਵਾਸ਼ਿੰਗਟਨ (ਅਮ੍ਰੀਕਾ) ਤੋਂ ਸ੍ਰ. ਗੰਗਾ ਸਿੰਘ
(2) ਇੰਗਲੈਂਡ ਤੋਂ ਸ੍ਰ. ਗੁਰਬਚਨ ਸਿੰਘ
(3) ਜਾਪਾਨ ਤੋਂ ਸ੍ਰ. ਨਰਿੰਦਰ ਸਿੰਘ
(4) ਸਿੰਗਾ ਪੋਰ ਤੋਂ ਸ੍ਰ. ਮਿਹਰਵਾਨ ਸਿੰਘ ਅਤੇ (5) ਹਿੰਦਸਤਾਨ ਤੋਂ ਸ੍ਰ. ਨਰੈਣ ਸਿੰਘ ਇਹ ਵਫਦ ਅਕਤੂਬਰ 1979 ਵਿਚ ਪਾਕਸਤਾਨ ਗਿਆ ਸੀ ਅਤੇ ਉਥੋਂ ਦੀ ਹਕੂਮਤ ਦੇ ਮੁਖੀਆਂ ਨਾਲ ਪਹਿਲੇ ਸਕਟਰੇਤ ਪਧਰ ਤੇ, ਫਿਰ ਸੰਬੰਧਤ ਵਜ਼ੀਰ ਨਾਲ ਅਤੇ ਅਖੀਰ ਪਾਕਸਤਾਨ ਦੇ ਉਸ ਸਮੇਂ ਦੇ ਸਦਰ ਜਨਰਲ ਜ਼ੀ ਉਲ-ਹੱਕ ਨਾਲ ਵਿਚਾਰ ਵਟਾਂਦਰੇ ਹੋਏ ਸਨ ਜਿਸ ਵਿਚ ਫੈਸਲਾ ਹੋਇਆ ਸੀ ਕਿ

(1) ਪਾਕਸਤਾਨ ਸੂਕਾਰ ਦਸ ਜਾਂ ਇਸ ਤੋਂ ਜਿਆਦਾ ਸਿਖ ਜਦੋਂ ਵੀ ਅਤੇ ਜਿਸ ਗੁਰਦੁਆਰੇ ਦੀ ਓਹ ਯਾਤਰਾ ਕਰਨਾ ਚਾਹੁਣਗੇ ਉਨਾਂ ਨੂੰ ਉਥੇ ਜਾਣ ਲਈ ਵੀਜ਼ਾ (ਰਾਹਦਾਰੀ) ਆਦ ਦੀ ਸਹੂਲਤ ਦੇਵੇਗੀ।

(2) ਪਾਕਸਤਾਨ ਅੰਦਰਲੇ ਜਿਨਾਂ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਸਿਖ ਆਪਣੇ ਹਥ ਲੈਣਾ ਚਾਹੁਣਗੇ ਉਸ ਦੇ ਲਈ ਪਾਕ ਸੂਕਾਰ ਸੇਵਾਦਾਰ ਗ੍ਰੰਥੀ ਆਦਿ ਨੂੰ ਵੀਜ਼ਾ ਅਤੇ ਉਥੇ ਰਹਿਣ ਦੀ ਸਹੂਲਤ ਤੇ ਆਗਿਆ ਦੇਵੇਗੀ।

ਪਾਕਸਤਾਨ ਗਏ ਵਫਦ ਨੇ ਵਾਪਸੀ ਤੇ ਉਕਤ ਕੀਤੀ ਕਾਰਵਾਈ ਦੀ ਰੀਪੋਰਟ ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਨੂੰ ਦੇਂਦੇ ਹੋਏ ਪੰਜਾਹ

ਸੇਵਾਦਾਰ ਗ੍ਰੰਥੀ ਆਦ ਭੇਜਣ ਲਈ ਬੇਨਤੀ ਕੀਤੀ ਸੀ ਜਿਸ ਦੀ ਪ੍ਰਵਾਨਗੀ ਭੀ ਉਨਾਂ ਵਲੋਂ ਹੋ ਗਈ ਸੀ ਪ੍ਰੰਤੂ ਇਹ ਸੇਵਾਦਾਰ ਆਦਿ ਭੇਜੇ ਨ ਗਏ।

ਪਾਕਸਤਾਨ ਅੰਦਰ ਰਹੇ ਜਿਨ੍ਹਾਂ ਗੁਰਦੁਆਰਿਆਂ ਲਈ ਇਹ ਸੇਵਾਦਾਰ ਗ੍ਰੰਥੀ ਆਦ ਭੇਜੇ ਜਾਣੇ ਸਨ ਓਹ ਸਨ ਨਨਕਾਣਾ ਸਾਹਿਬ ਅੰਦਰ ਗੁ: ਜਨਮ ਅਸਥਾਨ ਆਦ ਗੁਰਦੁਆਰੇ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ, ਸ਼ਹੀਦ ਗੰਜ ਸਿੰਘਣੀਆਂ ਤੇ ਜਨਮ ਅਸਥਾਨ ਗੁਰੂ ਰਾਮਦਾਸ ਜੀ, ਗੁ: ਪੰਜਾ ਸਾਹਿਬ, ਗੁ. ਸਚਾ ਸੌਦਾ ਚੂਹੜਕਾਣਾ, ਗੁ: ਬਾਬੇ ਦੀ ਬੇਰ ਸਿਆਲ ਕੋਟ, ਗੁ: ਰੋੜੀ ਸਾਹਿਬ ਏਮਨਾ ਬਾਦ, ਗੁ: ਕਰਤਾਰ ਪੁਰ ਸਾਹਿਬ, ਗੁ. ਬਰੇ ਨੌ ਤੇ ਹਾਫਜ਼ਾਬਾਦ, ਗੁ ਕੋਟ ਭਾਈ ਥਾਨ ਸਿੰਘ ਅਤੇ ਗੁ: ਭਾਈ ਜੋਗਾ ਸਿੰਘ ਪਿਸ਼ਾਵਰ।

ਇਹ ਅਤੇ ਪਾਕਸਤਾਨ ਅੰਦਰ ਰਹੇ ਹੋਰ ਗੁਰਦੁਆਰੇ ਜਿਨ੍ਹਾਂ ਦਾ ਵੇਰਵਾ ਇਸ ਲੇਖ ਵਿਚ ਦਿਤਾ ਜਾ ਰਿਹਾ ਹੈ ਅੰਦਰ ਸਿਖ ਮਰਯਾਦਾ ਚਾਲੂ ਕਰਾਉਣ ਲਈ ਸਾਨੂੰ ਅੰਤਰ ਰਾਸ਼ਟਰੀ ਤੌਰ ਮੁੜ ਜਤਨ ਕਰਨਾ ਚਾਹੀਦਾ ਹੈ! ਸ਼੍ਰੋਮਣੀ ਗੁ: ਕਮੇਟੀ ਰਾਹੀਂ ਐਸਾ ਹੋ ਸਕਨਾ ਸੰਭਵ ਨਹੀਂ ਕਿਉ ਕਿ ਪਾਕ ਸਰਕਾਰ ਸ੍ਰੋਮਣੀ ਗੁ: ਕਮੇਟੀ ਨੂੰ ਭਾਰਤੀ ਕਾਨੂੰਨ ਅਧੀਨ ਬਣੀ ਹੋਣ ਕਰਕੇ ਅਜੇਹੀ ਗੱਲ ਦਾ ਭਾਰਤ ਸਰਕਾਰ ਰਾਹੀਂ ਕੀਤਾ ਜਾਣਾ ਜ਼ਰੂਰੀ ਸਮਝਦੀ ਹੈ ਅਜੇਹਾ ਵਿਹਾਰ ਉਨ੍ਹਾਂ ਵਲੋਂ 1979 ਵਿਚ ਪਕਸਤਾਨ ਗਏ ਸਿਖ ਵਫਦ ਪਾਸ ਪ੍ਰਗਟਾਇਆ ਗਿਆ ਸੀ।

ਪਾਕਿਸਤਾਨ ਅੰਦਰ ਵਿਸ਼ੇਸ਼ ਇਤਿਹਾਸਕ ਗੁਰਦੁਆਰੇ ਹੇਠਾਂ ਲਿਖੇ ਅਨੁਸਾਰ ਹਨ :-

ਨਨਕਾਣਾ ਸਾਹਿਬ :- ਇਹ ਪਛਮੀ ਪੰਜਾਬ ਦੇ ਜ਼ਿਲਾ ਸ਼ੇਖੂਪੁਰਾ ਦੀ ਇਕ ਤਹਿਸੀਲ ਦਾ ਹੈਡ ਕੁਆਰਟਰ ਹੈ ਜੋ ਲਾਹੌਰ ਦੇ ਪਛਮ ਵਿਚ ਇਸ ਤੋਂ 80 ਕਿਲੋਮੀਟਰ ਦੂਰ ਅਤੇ ਦਰਿਆ ਰਾਵੀ ਦੇ ਉਤਰ ਵਿਚ ਤੀਹ ਕਿਲੋ ਮੀਟਰ ਤੇ ਧਰਤੀ ਦੇ ਵਡੇ ਜ਼ਰਖੇਜ਼ (ਉਪਜਾਊ) ਖਿਤੇ ਵਿਚ ਵਾਕਿਆ ਹੈ। ਨਨਕਾਣਾ ਸਾਹਿਬ ਦੀ ਸਾਰੀ ਵਸੋਂ ਕਰੀਬਨ ਦੋ ਕਿਲੋਮੀਟਰ ਦੀ ਲੰਬਾਈ ਵਿਚ ਜਿਸ ਦੇ ਇਕ ਸਿਰੇ ਗੁ: ਜਨਮ ਅਸਥਾਨ ਅਤੇ ਦੂਜੇ ਸਿਰੇ

ਗੁ: ਕਿਆਰਾ ਸਾਹਿਬ ਹਨ ਅਤੇ ਅੱਧਾ ਕੁ ਕਿਲੋਮੀਟਰ ਚੌੜਾਈ ਵਿਚ ਹੈ। ਸ਼ਹਿਰ ਦੀ ਸਾਰੀ ਵਸੋਂ ਸਤ ਗੁਰਦੁਆਰਿਆਂ ਦੇ ਆਲੇ ਦੁਆਲੇ ਹੈ ਦੇਸ਼ ਵੰਡ ਤੋਂ ਪਹਿਲੋਂ ਹਿੰਦੂ ਸਿਖ ਮੁਸਲਮਾਨ ਤਰੀਬਨ ਸਮਾਨ ਗਿਣਤੀ ਵਿਚ ਏਥੇ ਵਸਦੇ ਸਨ ਪ੍ਰੰਤੂ ਹੁਣ ਇਥੇ ਨਿਰੋਲ ਮੁਸਲਮਾਨੀ ਵਸੋਂ ਹੈ। ਅਬਾਦੀ ਦੇ ਦਖਣ ਪਛਮ ਵੱਲ ਗੁ: ਜਨਮ ਅਸਥਾਨ ਤੋਂ ਦੋ ਕੁ ਸੌ ਗਜ਼ ਤੇ ਇਕ ਵਡਾ ਥੇਹ ਹੈ ਜਿਸ ਨੂੰ ਧਉਲਰ ਕਿਹਾ ਜਾਂਦਾ ਹੈ। ਕਿਉਂਕਿ ਇਹ ਉਸ ਤੋਂ ਪਹਿਲਾ ਦੇ ਕਿਸੇ ਹਿੰਦੂ ਰਾਜੇ ਦਾ ਮਹਿਲ ਸੀ। ਇਸ ਦੇ ਲਾਗੇ ਚਾਹ ਸੀਤਾ ਵਾਲਾ ਨਾਮ ਦਾ ਇਕ ਬਹੁਤ ਪੁਰਾਣਾ ਖੂਹ ਹੈ। ਉਸਾਰੇ ਜਾਣ ਸਮੇਂ ਇਹ ਖੂਹ 110 ਫੁਟ ਡੂੰਘਾ ਸੀ ਅਤੇ ਇਸ ਦੇ ਥੱਲੇ ਤੋਂ ਧਉਲਰ ਵੱਲ ਚੜ੍ਹਦੀਆਂ ਪੌੜੀਆਂ ਸਨ ਜਿਨ੍ਹਾਂ ਦੇ ਰਸਤੇ ਰਾਜ ਮਹਿਲ ਦੀਆਂ ਰਾਣੀਆਂ ਸੀਤਾ ਵਾਲੇ ਖੂਹ ਤੇ ਇਸ਼ਨਾਨ ਕਰਨ ਜਾਇਆ ਕਰਦੀਆਂ ਸਨ ਖੂਹ ਦਾ ਨਾਮ 'ਸੀਤਾ ਵਾਲਾ' ਵੀ ਉਸ ਸਮੇਂ ਦੀ ਰਾਜ ਰਾਣੀ ਦੇ ਨਾਮ ਤੇ ਪਿਆ ਸੀ। ਸੀਤਾ ਵਾਲੇ ਖੂਹ ਦੇ ਪਾਣੀ ਦਾ ਲੈਵਲ ਹੁਣ ਦਸ ਕੁ ਫੁਟ ਹੈ ਧਉਲਰ ਦੇ ਚੜ੍ਹਦੇ ਵੱਲ ਇਕ ਹੋਰ ਏਨਾ ਹੀ ਪੁਰਾਣਾ ਭਾਈ ਬਾਲੇ ਵਾਲਾ ਖੂਹ ਹੈ ਜਿਸ ਦੇ ਨਾਮ ਤੋਂ ਪਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਸਮੇਂ ਇਹ ਖੂਹ ਉਨ੍ਹਾਂ ਦੇ ਜੀਵਨ ਸਾਥੀ ਭਾਈ ਬਾਲੇ ਦੀ ਮਲਕੀਅਤ ਸੀ।

ਧਉਲਰ ਜਿਸ ਹੇਠ ਆਇਆ ਸਾਰੀ ਥਾਂ ਇਕ ਸੌ ਏਕੜ ਤੋਂ ਘਟ ਨਹੀਂ ਅਤੇ ਜੋ ਇਕ ਟਿਬੇ ਦੀ ਨਿਆਈਂ ਹੈ ਉਪਰ ਇਸ ਵੇਲੇ ਮੁਸਲਮਾਨਾਂ ਦਾ ਕਬਰਸਤਾਨ ਹੈ ਜਿਸ ਵਿਚ ਹੀ ਇਕ ਕਬਰ ਰਾਇ ਬੁਲਾਰ ਦੀ ਦਸੀ ਜਾਂਦੀ ਹੈ ਰਾਇ ਬੁਲਾਰ ਉਸ ਰਾਇ ਭੋਇ ਭਟੀ ਦੇ ਖਾਨਦਾਨ ਵਿਚੋਂ ਸੀ ਜਿਸ ਦੇ ਨਾਮ ਤੇ ਹੀ ਉਸ ਸਮੇਂ ਦੀ ਇਸ ਆਬਾਦੀ ਨੂੰ ਰਾਇ ਭੋਇ ਦੀ ਤਲਵੰਡੀ ਕਿਹਾ ਜਾਂਦਾ ਸੀ। ਇਹ ਪੰਦਰਵੀਂ ਸਦੀ ਈਸਵੀ ਦੇ ਲੋਧੀ ਪਠਾਨਾਂ ਦੇ ਰਾਜ ਕਾਲ ਦੀ ਗੱਲ ਹੈ

ਦਸਿਆ ਜਾਂਦਾ ਹੈ ਕਿ ਕੌਰਵਾਂ ਪਾਂਡਵਾਂ ਦੇ ਸਮੇਂ ਮੂਲਤਾਨ ਦੇ

ਰਾਜੇ ਵਰਤ ਨੂੰ ਇਸ ਥਾਓਂ ਕੋਟਲੀ ਨਾਮ ਦਾ ਨਗਰ ਵਸਾਇਆ ਸੀ ਜੋ ਲੋਧੀ ਪਠਾਨਾਂ ਦੇ ਸਮੇਂ ਰਾਇ ਭੋਇ ਦੀ ਤਲਵੰਡੀ ਕਰ ਕੇ ਜਾਣਿਆ ਗਿਆ ਰਾਇ ਬੁਲਾਰ ਦੇ ਤਲਵੰਡੀ ਦਾ ਹਾਕਮ ਹੋਣ ਸਮੇਂ ਕਲਿਆਨ ਦਾਸ ਜਿਸ ਨੂੰ ਆਮ ਕਰਕੇ ਕਾਲੂ ਕਹਿਆ ਜਾਂਦਾ ਹੈ, ਰਾਇ ਬੁਲਾਰ ਦਾ ਇਕ ਸੀਨੀਅਰ ਮੁਲਾਜ਼ਮ ਹੋਣ ਤੋਂ ਇਲਾਵਾ ਤਲਵੰਡੀ ਅੰਦਰ ਕੁਝ ਮਾਲਕੀ ਹਕੂਕ ਭੀ ਰਖਦਾ ਸੀ ਇਸ ਕਲਿਆਨ ਦਾਸ ਦੇ ਘਰ ਮਾਤਾ ਤ੍ਰਿਪਤਾ ਦੀ ਕੁਖ ਤੋਂ ਨਵੰਬਰ 1469 ਵਿਚ ਕਤਕ ਦੀ ਪੂਰਨਮਾਸ਼ੀ ਦੇ ਦਿਨ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਮਾਪਿਆਂ ਨੇ ਆਪਣੀ ਵਡੀ ਲੜਕੀ ਨਾਨਕੀ ਦੇ ਅਨਕੂਲ ਨਾਨਕ ਰਖਿਆ (ਕਈ ਇਤਿਹਾਸਕਾਰਾਂ ਦੇ ਖਿਆਲ ਅਨੁਸਾਰ ਨਾਨਕ ਦਾ ਜਨਮ ਅਪ੍ਰੈਲ ਦੇ ਮਹੀਨੇ ਸੁਦੀ ਪਖ ਦੀ ਤੀਜ ਨੂੰ ਹੋਇਆ ਸੀ)

ਨਾਨਕ ਦੇ ਤੌਰ ਤਰਕਿ ਤੇ ਰਹਿਣ ਸਹਿਣ ਛੋਟੀ ਉਮਰ ਤੋਂ ਹੀ ਹੋਰ ਬਚਿਆਂ ਤੋਂ ਨਿਆਰੇ ਸਨ ਅਤੇ ਸਤ ਸਾਲ ਦੀ ਉਮਰ ਵਿਚ ਜਦੋਂ ਪੰਡਤ ਗੋਪਾਲ ਪਾਸ ਨਾਨਕ ਨੂੰ ਪੜ੍ਹਨੇ ਪਾਇਆ ਗਿਆ ਤਾਂ ਪੈਂਤੀਸ ਅਖਰੀ ਦੇ ਅਰਥ ਪੰਡਤ ਨੂੰ ਸਮਝਾਉਣ ਤੇ ਓਹ ਹੈਰਾਨ ਰਹਿ ਗਿਆ ਅਤੇ ਨਾਨਕ ਜੀ ਦੀ ਵਿਸ਼ੇਸ਼ ਬਾਲਕ ਹੋਣ ਦੀ ਵਡਿਆਈ ਨੇ ਨ ਕੇਵਲ ਪੰਡਤ ਨੂੰ ਹੀ ਸਗੋਂ ਸਾਰੇ ਚੌਗਿਰਦੇ ਨੂੰ ਅਤੀਅੰਤ ਪ੍ਰਭਾਵਤ ਕੀਤਾ ।

ਇਸ ਪਿਛੋਂ ਜਦੋਂ ਹਿੰਦੂ ਰੀਤੀ ਅਨੁਸਾਰ ਪ੍ਰੋਹਤ ਹਰਦਿਆਲ ਉਨ੍ਹਾਂ ਨੂੰ ਜਨੇਊ ਪਹਿਨਾਉਣ ਆ ਇਆ ਤਾਂ ਉਨ੍ਹਾਂ ਨੇ ਪ੍ਰੋਹਤ ਨੂੰ ਦਸਿਆ ਕਿ

'ਦਇਆ ਕਪਾਹ ਸੰਤੋਖ ਸੂਤ ਜਤਿ ਗੰਢੀ ਸਤਵਟ ।
ਇਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤ

ਰਾਇ ਭੋਇ ਦੀ ਤਲਵੰਡੀ ਜਿਥੇ ਬਾਲ ਨਾਨਕ ਦਾ ਜਨਮ ਹੋਇਆ ਅਤੇ ਜਿਥੇ ਉਨ੍ਹਾਂ ਹੋਰ ਕਈ ਚੋਜ ਵਰਤਾਏ ਦਾ ਹੀ ਨਾਮ ਨਨਕਾਣਾ ਸਾਹਿਬ ਕਰਕੇ ਜਾਣਿਆ ਗਿਆ । ਜਨਮ ਵਾਲੀ ਥਾਂ ਜਿਸ ਨੂੰ ਤਦੋਂ ਕਾਲੂ ਦਾ ਕੋਠਾ ਕਿਹਾ ਜਾਂਦਾ ਸੀ ਜਨਮ ਅਸਥਾਨ ਦੇ ਨਾਮ ਨਾਲ ਪ੍ਰਸਿਧ ਹੋਇਆ ਅਤੇ ਉਨ੍ਹਾਂ ਦੇ ਵਖੋ ਵਖ ਕਉਤਕਾਂ ਨਾਲ ਸੰਬੰਧਤ ਉਨ੍ਹਾਂ ਦੇ ਯਾਦਗਾਰੀ

ਅਸਥਾਨ ਕਾਇਮ ਹੋਏ ਯਥਾ ਗੋਪਾਲ ਪੰਡਤ ਪਾਸ ਜਿਥੇ ਉਨ੍ਹਾਂ ਪਹਿਲੀ ਪਟੀ ਲਿਖੀ ਦਾ 'ਨਾਮ ਪਟੀ ਸਾਹਿਬ' ਹੋਇਆ ਜੋ ਜਨਮ ਅਸਥਾਨ ਤੋਂ ਦੋ ਕੁ ਸੌ ਗਜ਼ ਚੜ੍ਹਦੇ ਵੱਲ ਹੈ। ਜਿਥੇ ਉਨ੍ਹਾਂ ਆਪਣੇ ਹਮ ਉਮਰ ਬਾਲਾ ਨਾਲ ਖੇਡਾਂ ਖੇਡੀਆਂ ਦਾ ਨਾਮ 'ਬਾਲ ਲੀਲਾ' ਹੈ ਜੋ ਪਟੀ ਸਾਹਿਬ ਤੋਂ ਪੰਜਾਹ ਕੁ ਗਜ਼ ਚੜ੍ਹਦੇ ਵੱਲ ਹੈ। ਜਿਥੇ ਆਪਣੇ ਪਿਤਾ ਮਹਿਤਾ ਕਾਲੂ ਦੀਆਂ ਮਹੀਂ ਗਾਈਆਂ ਦੇ ਛੇੜੂ ਬਨ ਉਨ੍ਹਾਂ ਨੂੰ ਚੁਗਾਇਆ ਇਹ ਥਾਂ ਜਨਮ ਅਸਥਾਨ ਤੋਂ ਦੋ ਕਿਲੋ ਮੀਟਰ ਪੂਰਬ ਵਲ ਕਿਆਰਾ ਸਾਹਿਬ ਦੇ ਨਾਮ ਨਾਲ ਉਘਾ ਹੋਇਆ। ਜਨਮ ਅਸਥਾਨ ਤੋਂ ਡੇਢ ਕੁ ਕਿਲੋ ਮੀਟਰ ਅਤੇ ਕਿਆਰਾ ਸਾਹਿਬ ਤੋਂ ਲਹਿੰਦੇ ਵਲ ਅਧੇ ਕਿਲੋਮੀਟਰ ਤੇ ਮਾਲ ਸਾਹਿਬ ਨਾਮ ਦਾ ਸਥਾਨ ਹੈ ਜਿਥੇ ਅਜ ਵੀ ਵਣ (ਮਾਲ) ਦਾ ਓਹ ਦਰਖਤ ਖੜਾ ਹੈ ਜਿਸ ਦੀ ਛਾਵੇਂ ਡੰਗਰ ਚੁਗਾਉਣ ਆਏ ਬਾਲ ਨਾਨਕ ਜੀ ਸੌਂ ਗਏ, ਅਤੇ ਜਦੋਂ ਦਿਨ ਢਲ ਜਾਣ ਤੇ ਉਨ੍ਹਾਂ ਦੇ ਮੂੰਹ ਉਪਰ ਧੁਪ ਪਈ ਤਾਂ ਇਕ ਨਾਗ ਨੇ ਆਪਣਾ ਫਨ ਖਿਲਾਰ ਆਪ ਦੇ ਚੇਹਰੇ ਤੇ ਛਾਂ ਕੀਤੀ। ਇਨ੍ਹਾਂ ਯਾਦਗਾਰੀ ਥਾਵਾਂ ਤੋਂ ਇਲਾਵਾ ਤੰਬੂ ਸਾਹਿਬ ਦੇ ਨਾਮ ਨਾਲ ਜਾਣਿਆਂ ਜਾਂਦਾ ਜਨਮ ਅਸਥਾਨ ਤੋਂ ਅਧਾ ਕਿਲੋਮੀਟਰ ਪੂਰਬ ਵਿਚ ਓਹ ਸਥਾਨ ਹੈ ਜਿਥੇ ਤੰਬੂ ਸਮਾਨ ਵਣ ਦਾ ਉਹ ਦਰਖਤ ਅਜ ਵੀ ਵਿਛਿਆ ਹੈ ਜਿਸ ਦੀ ਛਾਵੇਂ ਨਾਨਕ ਜੀ ਪਿਤਾ ਵਲੋਂ ਦਿਤੇ ਵੀਹ ਰੁਪੈਆਂ ਨਾਲ ਭੁਖੇ ਸਾਧੂਆਂ ਨੂੰ ਰੋਟੀ ਖੁਆਉਣ ਪਿਛੋਂ ਆ ਕੇ ਬੈਠ ਰਹੇ ਸਨ ਜਿਥੋਂ ਭੈਣ ਨਾਨਕੀ ਉਨ੍ਹਾਂ ਨੂੰ ਉਠਾ ਕੇ ਘਰ ਲੈ ਗਈ ਸੀ।

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਉਕਤ ਛੇ ਯਾਦਗਾਰੀ ਸਥਾਨਾਂ ਤੋਂ ਇਲਾਵਾ ਗੁਰਦੁਆਰਾ ਤੰਬੂ ਸਾਹਿਬ ਦੇ ਚੜ੍ਹਦੇ ਵੱਲ ਦੋ ਕੁ ਸੌ ਗਜ਼ ਤੇ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦਾ ਓਹ ਯਾਦਗਾਰੀ ਸਥਾਨ ਹੈ ਜਿਥੇ ਆਪ ਸੰਨ 1621-22 ਵਿਚ ਕਸ਼ਮੀਰ ਤੋਂ ਵਾਪਸੀ ਤੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਉਪਰ ਦਰਜ ਸਥਾਨਾਂ ਦੀ ਯਾਤਰਾ ਨੂੰ ਆਉਣ ਸਮੇਂ ਠਹਿਰੇ ਸਨ।

ਇਉਂ ਮਜੂਦਾ ਸ਼ਹਿਰ ਨਨਕਾਣਾ ਸਾਹਿਬ ਅੰਦਰ ਗੁਰੂ ਨਾਨਕ ਦੇਵ

ਜੀ ਨਾਲ ਸੰਬੰਧਤ ਛੇ ਗੁਰਦੁਆਰੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਇਕ। ਇਹ ਸਾਰੇ ਸਤ ਗੁਰਦੁਆਰੇ ਹਨ।

ਲਾਹੌਰ: ਇਥੇ ਹੇਠਾਂ ਦਰਜ ਇਤਿਹਾਸਕ ਗੁਰਦੁਆਰੇ ਹਨ

(1) ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਰੇਲਵੇ ਸਟੇਸ਼ਨ ਤੋਂ ਕਰੀਬਨ ਤਿੰਨ ਕਿਲੋਮੀਟਰ ਅਤੇ ਬਦਾਮੀ ਬਾਗ ਤੋਂ ਇਕ ਕਿਲੋਮੀਟਰ ਦੂਰ ਹੈ। ਏਥੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਤਿ ਤਸੀਹੇ ਦੇ ਕੇ ਅਥਵਾ ਆਪ ਨੂੰ ਸੜਦੀ ਬਲਦੀ ਲੋਹ ਉਪਰ ਬਿਠਾਇਆ, ਸਿਰ ਉਪਰ ਭਠੀ ਦੀ ਤੱਤੀ ਰੇਤ ਪਾਈ, ਅਤੇ ਉਬਲਦੀ ਦੇਗ ਅੰਦਰ ਬਿਠਾ ਕੇ, ਸ਼ਹੀਦ ਕੀਤਾ ਗਿਆ ਸੀ।

(2) ਗੁਰਦੁਆਰਾ ਡੇਹਰਾ ਸਾਹਿਬ ਦੇ ਨਾਲ ਲਗਦਾ ਉਹ ਸਥਾਨ ਹੈ ਜਿਥੇ ਮਹਾਰਾਜਾ ਰਣਜੀਤ ਸਿੰਘ ਦਾ ਸਸਕਾਰ ਕੀਤਾ ਗਿਆ ਸੀ

(3) ਚੂਨਾ ਮੰਡੀ ਲਾਹੌਰ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦਾ ਗੁਰਦੁਆਰਾ ਹੈ।

(4) ਸ੍ਰੀ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਲਾਹੌਰ ਦੀ ਮੁਜੰਗ ਕਾਲੋਨੀ ਅੰਦਰ ਗੁਰਦੁਆਰਾ ਹੈ ਜਿਥੇ ਗੁਰੂ ਜੀ ਲਾਹੌਰ ਆਉਣ ਸਮੇਂ ਠਹਿਰੇ ਸਨ।

(5) ਲਾਹੌਰ ਰੇਲਵੇ ਸਟੇਸ਼ਨ ਤੋਂ ਅੱਧਾ ਕਿਲੋਮੀਟਰ ਦੂਰ ਲੰਡੇ ਬਾਜ਼ਾਰ ਵਿਚ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਸਥਾਨ ਹਨ ਜਿਥੇ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕਟ ਕੇ ਅਤੇ ਭਾਈ ਤਾਰੂ ਸਿੰਘ ਜੀ ਦਾ ਸਿਰ ਦਾ ਖੋਪਰ ਉਤਾਰ ਕੇ ਉਨ੍ਹਾਂ ਨੂੰ ਸੰਨ 1734 ਵਿਚ ਸ਼ਹੀਦ ਕੀਤਾ ਗਿਆ ਸੀ।

(6) ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਦੇ ਸਾਹਮਣੇ ਲੰਡੇ ਬਜ਼ਾਰ ਦੀ ਦੂਜੀ ਤਰਫ ਗੁਰਦੁਆਰਾ ਸਿੰਘਣੀਆਂ ਸਸ਼ੋਭਤ ਹੈ । ਇਸ ਥਾਓਂ ਸਤਾਰਵੀ ਸਦੀ ਈਸਵੀ ਅੰਦਰ ਸਿੰਘਣੀਆਂ, ਸਮੇਤ ਉਨ੍ਹਾਂ ਦੇ ਦੁਧ ਚੁੰਘਦੇ ਬਚਿਆਂ ਦੇ ਕੈਦ ਕੀਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੇ ਮਾਸੂਮ ਬਚਿਆਂ ਦੇ ਟੋਟੇ ਕਰ ਅਤੇ ਹਾਰ ਪਰੋ ਕੇ ਸੰਬੰਧਤ ਮਾਵਾਂ ਦੇ ਗਲੀਂ ਪਾਏ ਜਾਣ ਉਪ੍ਰੰਤ ਮਾਸ ਤੇ ਹਡੀਆ ਦੇ ਲੋਥੜੇ ਏਥੇ ਬਣੇ ਇਕ ਖੂਹ ਵਿਚ ਸੁਟੇ ਜਾਂਦੇ ਸਨ । ਸੰਨ ਈਸਵੀ 1937 ਵਿਚ ਜਦੋਂ ਇਹ ਸ਼ਹੀਦੀ ਸਥਾਨ ਸਿਖਾਂ ਦੇ ਹਥ ਆਇਆ ਅਤੇ ਉਨ੍ਹਾਂ ਨੂੰ ਇਸ ਖੂਹ ਦੀ ਸਫਾਈ ਕਰਾਈ ਤਾਂ ਖੂਹ ਵਿਚੋਂ ਬਹੁਤ ਸਾਰੇ ਸਿਰਾਂ ਦੇ ਖੋਪਰ ਅਰ ਹੋਰ ਹਡੀਆਂ ਨਿਕਲੀਆਂ ਜੋ ਕਾਫੀ ਸਮਾਂ ਇਸ ਸਥਾਨ ਤੇ ਸ਼ਹੀਦ ਗੰਜ ਦੇ ਦਰਸ਼ਨ ਕਰਨ ਆਏ ਯਾਤਰੂ ਵੇਖਦੇ ਰਹੇ । ਇਸ ਲੇਖਕ ਨੇ ਇਹ ਸਾਰਾ ਕੁਛ ਅਖੀਂ ਵੇਖਿਆ ।

(7) ਗੁਰਦੁਆਰਾ ਸਚਾ ਸੌਦਾ ਜ਼ਿਲਾਂ ਸ਼ੇਖੂਪੁਰਾ ਦੇ ਕਸਬੇ ਚੂਹੜ ਕਾਣੇ ਲਾਗੇ ਹੈ । ਇਸ ਥਾਉਂ ਗੁਰੂ ਨਾਨਕ ਦੇਵ ਜੀ ਨੇ ਪਿਤਾ ਮਹਿਤਾ ਕਾਲੂ ਵਲੋਂ ਕੋਈ ਲਾਹੇਵੰਦ ਖਰਾ ਜੇਹਾ ਸੌਦਾ ਕਰਨ ਵਾਸਤੇ ਦਿਤੇ ਵੀਹ ਰੁਪੈ ਦਾ ਰਾਸ਼ਨ ਖ੍ਰੀਦ ਕੇ ਭੁਖੇ ਵਿਰਕਤਾਂ ਸਾਧੂਆਂ ਨੂੰ ਲੰਗਰ ਛਕਾਇਆ ਸੀ ; ਇਸ ਪਰਥਾਏ ਗੁਰੂ ਜੀ ਦੇ ਨਾਲ ਭੇਜੇ ਗਏ ਭਾਈ ਬਾਲੇ ਦੇ ਇਹ ਕਹਿਣ ਤੇ ਕਿ ਇਹ ਰੁਪੈ ਤਾਂ ਮਹਿਤਾ ਜੀ ਵਲੋਂ ਕੋਈ ਲਾਹੇਵੰਦ ਖਰਾ ਜੇਹਾ ਸੌਦਾ ਕਰਨ ਲਈ ਦਿਤੇ ਗਏ ਸਨ ਗੁਰੂ ਜੀ ਨੇ ਉਤਰ ਦਿਤਾ ਸੀ ਕਿ ਭੁਖਿਆ ਨੂੰ ਰੋਟੀ ਖੁਆਉਣ ਤੋਂ ਵਧੇਰਾ ਲਾਹੇਵੰਦ ਖਰਾ ਜੇਹਾ ਸੌਦਾ ਹੋਰ ਕੇਹੜਾ ਹੈ । ਇਸ ਤੋਂ ਹੀ ਇਸ ਇਤਿਹਾਸਕ ਸਥਾਨ ਦਾ ਨਾਉਂ ਖਰਾ ਜਾਂ ਸੱਚਾ ਸੌਦਾ ਪੈ ਗਿਆ ਜੋ ਅਜ ਤਕ ਗੁਰੂ ਨਾਨਕ ਦੇਵ ਜੀ ਵਲੋਂ ਕੀਤੇ ਸਚੇ ਸੌਦੇ ਦੀ ਯਾਦ ਆਪਣ ਅੰਦਰ ਸਮੋਏ ਹੋਏ ਹੈ ।

(8) ਗੁਰਦੁਆਰਾ ਰੋੜੀ ਸਾਹਿਬ :- ਇਹ ਗੁਰਦੁਆਰਾ ਲਾਹੌਰ ਤੋਂ ਰਾਵਲ ਪਿੰਡੀ ਨੂੰ ਜਾਂਦੀ ਰੇਲਵੇ ਲਾਈਨ ਤੇ ਏਮਨਾਬਾਦ ਨਾਮ ਦੇ ਸਥਾਨ ਤੇ ਜ਼ਿਲ੍ਹਾ ਗੁਜਰਾਂਵਾਲਾ ਅੰਦਰ ਹੈ । ਜਦੋਂ ਗੁਰੂ ਨਾਨਕ ਦੇਵ ਜੀ ਏਮਨਾ ਬਾਦ

ਪਧਾਰੇ ਤਾਂ ਆਪ ਇਕ ਗਰੀਬ ਕਿਰਤੀ ਨੀਚ ਜਾਤ ਤਰਖਾਨ ਭਾਈ ਲਾਲੋ ਦੇ ਘਰ ਠਹਿਰੇ। ਗੁਰੂ ਜੀ ਦੇ ਏਮਨਾ ਬਾਦ ਠਹਿਰਨ ਸਮੇਂ ਇਕ ਦਿਨ ਉਥੋਂ ਦੇ ਮੁਖੀ ਮਲਕ ਭਾਗੋ ਨੇ ਵਡਾ ਜਗ ਕੀਤਾ ਅਤੇ ਹਰ ਕਿਸੇ ਨੂੰ ਉਸ ਜਗ ਵਿਚ ਸ਼ਾਮਲ ਹੋਣ ਅਤੇ ਖਾਣਾ ਖਾਣ ਲਈ ਨਿਉਂਦਾ ਦਿਤਾ। ਏਮਨਾਬਾਦ ਦੇ ਸਾਰੇ ਲੋਕ ਉਸ ਜਗ ਅੰਦਰ ਸ਼ਾਮਲ ਹੋਏ ਪਰ ਗੁਰੂ ਜੀ ਨਿਉਂਦਾ ਦਿਤੇ ਜਾਣ ਦੇ ਬਾਵਜੂਦ ਵੀ ਜਗ ਵਿਚ ਨ ਗਏ । ਜਦੋਂ ਮਲਕ ਨੇ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਮੇਰੇ ਪਕਾਏ ਮਾਹਲ ਪੂੜੇ ਤੇ ਹੋਰ ਪਦਾਰਥ ਖਾਣ ਤੋਂ ਕਿਉਂ ਨਾਂਹ ਕੀਤੇ ਅਤੇ ਗ਼ੀਬ ਤਰਖਾਨ ਦੀ ਮਿਸੀ ਤਿਸੀ ਰੋਟੀ ਖਾਧੀ ਹੈ ਤਾਂ ਗੁਰੂ ਜੀ ਨੇ ਕਿਹਾ ਤੇਰੇ ਮਾਹਲ ਪੂੜੇ ਗ਼ੀਬ ਜਨਤਾ ਦੇ ਲਹੂ ਅੰਦਰ ਤਲੇ ਗਏ ਹੋਣ ਕਰ ਕੇ ਇਨ੍ਹਾਂ ਵਿਚੋਂ ਲਹੂ ਰਿਸਦਾ ਹੈ ਜਦੋਂ ਕਿ ਨੀਚ ਜ਼ਾਤ ਲਾਲੋ ਦੀ ਮਿਹਨਤ ਮੁਸ਼ੱਕਤ ਕਰਕੇ ਕਮਾਇ। ਰੋਟੀ ਦਾ ਸੁਆਦ ਦੁਧ ਸਮਾਨ ਹੈ ।

(9) ਗੁਰਦੁਆਰਾ ਬਾਬੇ ਦੀ ਬੇਰ ਸਿਆਲ ਕੋਟ : ਸਿਆਲ ਕੋਟ ਦਾ ਪੀਰ ਹਮਜ਼ਾ ਗੌਂਸ ਕਿਸੇ ਕਾਰਨ ਏਥੋਂ ਦੇ ਲੋਕਾਂ ਨਾਲ ਨਾਰਾਜ਼ ਹੋ ਕੇ ਚਾਲੀ ਦਿਨਾਂ ਦਾ ਵਰਤ ਰਖ ਇਕ ਗੁੰਬਦ ਅੰਦਰ ਛੁਪ ਬੈਠਾ ਸੀ ਅਤੇ ਇਹ ਮੰਨਿਆ ਜਾਂਦਾ ਸੀ ਕਿ ਜਿਸ ਦਿਨ ਇਹ ਵਰਤ ਪੂਰਾ ਹੋਇਆ ਸਿਆਲ ਕੋਟ ਦਾ ਸ਼ਹਿਰ ਧਰਤੀ ਅੰਦਰ ਗਰਕ ਹੋ ਜਾਵੇਗਾ। ਗੁਰੂ ਨਾਨਕ ਦੇਵ ਜੀ ਉਥੇ ਗਏ ਅਤੇ ਚਾਹੁੰਦੇ ਸਨ ਕਿ ਹਮਜ਼ਾ ਗੌਂਸ ਨੂੰ ਸਮਝਾਇਆ ਜਾਵੇ ਪ੍ਰੰਤੂ ਉਸ ਦੇ ਮੁਰੀਦਾਂ ਨੇ ਗੁਰੂ ਜੀ ਨੂੰ ਪੀਰ ਦੇ ਮਿਲਣ ਤੋਂ ਰੋਕ ਲਿਆ। ਨਿਰੰਕਾਰ ਦਾ ਕਰਨਾ ਐਸਾ ਹੋਇਆ ਕਿ ਗੁੰਬਦ ਉਪਰ ਤੋਂ ਪਾਟ ਗਿਆ ਅਤੇ ਸੂਰਜ ਦੀ ਰੋਸ਼ਨੀ ਅੰਦਰ ਸਮਾਧੀ ਲਾਏ ਬੈਠੇ ਪੀਰ ਦੇ ਮੂੰਹ ਤੇ ਪਈ। ਪੀਰ ਘਬਰਾ ਕੇ ਬਾਹਰ ਨਿਕਲਿਆ । ਗੁਰੂ ਜੀ ਦੇ ਪੁਛਣ ਤੇ ਪੀਰ ਨੇ ਕਿਹਾ ਕਿ ਇਹ ਝੂਠੇ ਲੋਕਾਂ ਦਾ ਸ਼ਹਿਰ ਹੈ ਇਸ ਲਈ ਗਰਕ ਹੋਣਾ ਚਾਹੀਦਾ ਹੈ । ਗੁਰੂ ਜੀ ਨੇ ਕਿਹਾ ਦੁਨੀਆਂ ਅੰਦਰ ਸਚ ਤੇ ਝੂਠ ਇਕ ਸਾਰ ਵਰਤਦੇ ਹਨ ਸਾਰੇ ਲੋਕ ਝੂਠੇ ਨਹੀਂ ਮੰਨੇ ਜਾ ਸਕਦੇ ਹਰ ਥਾਂ ਸਚ ਦੀ

ਪਛਾਣ ਵਾਲੇ ਬੰਦੇ ਭੀ ਹੁੰਦੇ ਹਨ। ਪੀਰ ਨੂੰ ਇਹ ਗੱਲ ਨਿਸਚੇ ਕਰਾਉਣ ਲਈ, ਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਕ ਟਕਾ ਦੇ ਕੇ ਸ਼ਹਿਰ ਵਿਚੋਂ ਸਚ ਝੂਠ ਖ੍ਰੀਦ ਲਿਆਉਣ ਹਿਤ ਭੇਜਿਆ। ਲੋਕ ਹੈਰਾਨ ਸਨ ਕਿ ਸਚ ਝੂਠ ਕਿਵੇਂ ਖ੍ਰੀਦਿਆ ਜਾ ਸਕਦਾ ਹੈ। ਮਰਦਾਨਾ ਸ਼ਹਿਰ ਅੰਦਰ ਘੁੰਮ ਕੇ ਇਹ ਨਿਰਾਲੀ ਕਿਸਮ ਦਾ ਸੌਦਾ ਖ੍ਰੀਦਨ ਗਿਆ। ਬਹੁਤ ਫਿਰ ਫਿਰਾ ਕੇ ਵਾਪਸ ਆਇਆ ਅਤੇ ਇਕ ਕਾਗਜ਼ ਜਿਸ ਉਪਰ ਲਿਖਿਆ ਸੀ 'ਮਰਨਾ ਸਚ ਜੀਉਣਾ ਝੂਠ' ਗੁਰੂ ਜੀ ਦੇ ਹਥ ਦਿਤਾ। ਗੁਰੂ ਜੀ ਨੇ ਇਹ ਕਾਗਜ਼ ਪੀਰ ਨੂੰ ਦੇਂਦੇ ਹੋਇ ਕਿਹਾ ਕਿ 'ਜਿਸ ਸਿਆਲਕੋਟ ਨੂੰ ਤੂੰ ਝੂਠਿਆ ਦਾ ਸ਼ਹਿਰ ਦਸਦਾ ਹੈ, ਉਸ ਅੰਦਰ ਸਚ ਦੀ ਪਛਾਣ ਵਾਲੇ ਬੰਦੇ ਭੀ ਮੌਜੂਦ ਹਨ। ਪੀਰ ਦੀ ਨਿਸ਼ਾ ਹੋਈ ਅਤੇ ਗੁਰੂ ਜੀ ਦੀ ਚਰਣੀ ਢਹਿ ਪਿਆ। ਇਸ ਥਾਉਂ ਗੁਰਦੁਅ ਰਾ ਬਾਬੇ ਦੀ ਬੇਰ ਇਸਥਿਤ ਹੈ।

(10) ਜ਼ਿਲਾ ਕੈਂਬਲ ਪੁਰ ਵਿਚ ਹਸਨ ਅਬਦਾਲ ਰੇਲਵੇ ਸਟੇਸ਼ਨ ਲਾਗੇ ਗੁਰਦੁਆਰਾ ਪੰਜਾ ਸਾਹਿਬ ਹੈ। ਇਹ ਥਾਂਉਂ ਵਲੀ ਕੰਧਾਰੀ ਨਾਮ ਦੇ ਇਕ ਮੁਸਲਮਾਨ ਪੀਰ ਨੇ ਪਹਾੜੀ ਦੇ ਉਪਰ ਤੋਂ ਇਕ ਵਡਾ ਪਥਰ ਰੋੜ ਕੇ ਗੁਰੂ ਨਾਨਕ ਦੇਵ ਜੀ ਅਤੇ ਮਰਦਾਨੇ ਨੂੰ ਜੋ ਹੇਠਾਂ ਬੈਠੇ ਸਨ ਮਾਰ ਦੇਣਾ ਚਾਹਿਆ ਸੀ। ਗੁਰੂ ਜੀ ਨੇ ਆਪਣੇ ਹਥ ਦੇ ਪੰਜੇ ਨਾਲ ਰਿੜੇ ਆ ਰਹੇ ਪਹਾੜ ਨੂੰ ਰੋਕ ਲਿਆ। ਗੁਰੂ ਜੀ ਦੇ ਪੰਜੇ ਦਾ ਨਿਸ਼ਾਨ ਉਸ ਪਥਰ ਉਪਰ ਅਜ ਭੀ ਉਵੇਂ ਹੀ ਮੌਜੂਦ ਹੈ ਜਿਸ ਕਰਕੇ ਉਸ ਥਾਉਂ ਨੂੰ ਪੰਜਾ ਸਾਹਿਬ ਕਹਿੰਦੇ ਹਨ ਅਤੇ ਉਥੇ ਇਸ ਦੀ ਯਾਦ ਵਿਚ ਗੁਰਦੁਆਰਾ ਪੰਜਾ ਸਾਹਿਬ ਬਣਿਆ ਹੋਇਆ ਹੈ।

(11) ਗੁਰਦੁਆਰਾ ਕਰਤਾਰ ਪੁਰ ਸਾਹਿਬ ਦਰਿਆ ਰਾਂਵੀ ਕੰਢੇ ਜ਼ਿਲ੍ਹਾ ਸਿਆਲਕੋਟ ਅੰਦਰ ਨਾਰੋਵਾਲ ਚਕ ਅਮਰੂ ਰੇਲਵੇ ਲਾਈਨ ਤੇ ਹੈ। ਗੁਰੂ ਨਾਨਕ ਦੇਵ ਜੀ ਦੇਸ ਅਤੇ ਪਰਦੇਸ਼ਾਂ ਅੰਦਰ ਅਠਾਈ ਸਾਲ (ਸੰਨ 1497 ਤੋਂ 1524) ਤਕ ਆਪਣੀਆਂ ਪ੍ਰਚਾਰ ਫੇਰੀਆਂ ਜਿਨ੍ਹਾਂ

ਨੂੰ ਇਤਿਹਾਸ ਵਿਚ ਗੁਰੂ ਜੀ ਦੀਆਂ ਪੰਜ ਉਦਾਸੀਆਂ ਕਰਕੇ ਵਰਣਿਆ ਹੈ, ਉਪ੍ਰੰਤ ਇਸ ਥਾਉਂ ਆ ਟਿਕੇ ਸਨ। ਆਪ ਨੇ ਆਪਣੀ ਅਵਸਥਾ ਦੇ ਅੰਤਲੇ ਪੰਦਰਾਂ ਸਾਲ ਏਥੇ ਬਿਤਾਏ ਅਤੇ ਏਥੇ ਹੀ ਸੰਨ 1539 ਵਿਚ ਆਪ ਜੋਤੀ ਜੋਤਿ ਸਮਾਏ। ਆਪ ਦਾ ਦੇਸ਼ ਦੀਆਂ ਦੋਹਾਂ ਕੌਮਾਂ ਹਿੰਦੂ ਮੁਸਲਮਾਨ ਨਾਲ ਸਮਾਨ ਵਰਤਾਉ ਹੋਣ ਕਾਰਨ ਹਿੰਦੂ ਆਪ ਨੂੰ ਗੁਰੂ ਅਤੇ ਮੁਸਲਮਾਨ ਆਪਣਾ ਪੀਰ ਕਰਕੇ ਮੰਨਦੇ ਸਨ ਜਿਸ ਦਾ ਸਬੂਤ ਦੋਹਾਂ ਨੇ ਉਨ੍ਹਾਂ ਦੀ ਯਾਦ ਵਿਚ ਵਖੋ ਵਖ ਇਕਸੇ ਥਾਉਂ ਉਨ੍ਹਾਂ ਦੇ ਯਾਦਗਾਰੀ ਸਥਾਨ ਬਣਾ ਦਿਤਾ।

(12) ਜ਼ਿਲਾ ਮਿੰਟ ਗੁਮਰੀ ਦੀ ਤਹਿਸੀਲ ਦੀਪਾਲਪੁਰ ਵਿਚ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਉਸ ਥਾਉਂ ਪਹੁੰਚੇ ਜਿਥੇ ਵਸੋਂ ਤੋਂ ਬਾਹਰ ਦੂਰ ਇਕ ਕੋਹੜੀ ਜਿਸਨੂੰ ਪਿੰਡ ਦੇ ਲੋਕਾਂ ਨੇ ਪਿੰਡੋਂ ਇਸ ਲਈ ਕਢ ਦਿਤਾ ਹੋਇਆ ਸੀ ਕਿ ਕੋਹੜ ਦੀ ਵਬਾ ਪਿੰਡ ਵਿਚ ਨ ਫੈਲ ਜਾਵੇ ਅਤੇ ਜੋ ਇਕ ਕਖਾਂਦੀ ਝੌਂਪੜੀ ਵਿਚ ਪਿਆ ਵਿਲਕ ਰਿਹਾ ਸੀ।

ਗੁਰੂ ਜੀ ਨੇ ਉਸ ਦੇ ਸਰੀਰ ਤੋਂ ਵਗਦੀ ਲਹੂ ਧਾਰ ਨੂੰ ਸਾਫ ਕੀਤਾ ਤੇ ਉਸ ਨੂੰ ਨੁਹਾਇਆ ਧੁਆਇਆ ਉਸ ਨੂੰ ਕੁਝ ਸੁਰਤ ਫਿਰੀ - ਗੁਰੂ ਨੇ ਜੀ ਮਰਦਾਨੇ ਨੂੰ ਰਬਾਬ ਟੁਣਕਾਉਣ ਨੂੰ ਕਿਹਾ, ਅਤੇ

'ਸਰਬ ਰੋਗ ਕਾ ਅਉਖਦ ਨਾਮ
ਕਲਯਾਨ ਰੂਪ ਮੰਗਲ ਗੁਣ ਰਾਮ'

ਕਹਿੰਦੇ ਹੋਇ ਧਨਾਸਰੀ ਦਾ ਆਲਾਪ ਕੀਤਾ। ਮਰਦਾਨੇ ਨੇ ਰਬਾਬ ਟੁਣਕਾਈ ਅਤੇ ਅਤਿ ਸੁਰੀਲੀ ਤੇ ਮਧੁਰ ਧੁਨ ਅੰਦਰ ਗੁਰੂ ਜੀ ਨੇ ਅਲਾਪਿਆ

'ਜੀਉ ਤਪਤੁ ਹੈ ਬਾਰੋ ਬਾਰ —ਤਪਿ ਤਪਿ ਖਪੈ ਬਹੁਤ ਬੇਕਾਰ
ਜੈ ਤਨਿ ਬਾਣੀ ਵਿਸਰਿ ਜਾਇ — ਜਿਉ ਪਕਾ ਰੋਗੀ ਵਿਲਲਾਇ।
ਬਹੁਤਾ ਬੋਲਣ ਝਖਣ ਹੋਇ - ਵਿਣ ਬੋਲੇ ਜਾਣੈ ਸਭ ਸੋਇ'

ਕੋਹੜੀ ਨੂੰ ਆਪਣੇ ਰੋਗ ਦੇ ਕਾਰਨ ਦੀ ਸੂਝ ਹੋ ਗਈ ਉਸ ਨੂੰ ਸਮਝ ਆ ਗਈ ਕਿ

'ਜੈ ਤਨਿ ਬਾਣੀ ਵਿਸਰਿ ਜਾਇ
ਜਿਉ ਪਕਾ ਰੋਗੀ ਬਿਲਲਾਇ'

ਗੁਰੂ ਜੀ ਨੇ ਕੋਹੜੀ ਨੂੰ ਬਾਣੀ ਦਾ ਬੀਜ ਰੂਪ :

'ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ,
ਅਕਾਲ ਮੂਰਤ, ਅਜੂਨੀ ਸੈਭੰ ਗੁਰ ਪ੍ਰਸਾਦਿ'

ਦ੍ਰਿੜ ਕਰਾਇਆ । ਕੋਹੜੀ ਨੇ ਇਸ ਬੀਜ ਰੂਪ ਮੰਤਰ ਵਿਚ ਆਪਣੀ ਸੁਰਤ ਜੋੜ ਲਈ ਅਤੇ ਇਸ ਦੇ ਲੜ ਲਗ ਆਪਣਾ ਨਿਰਾ ਸਰੀਰਕ ਦੁਖ ਹੀ ਨਵਿਰਤ ਨਹੀਂ ਕਰ ਲਿਆ ਸਗੋਂ ਆਪਣੇ ਜੇਹੇ ਅਨੇਕ ਹੋਰ ਦੁਖੀਆਂ ਦੇ ਦੁਖ ਦਾ ਦਾਰੂ ਕੀਤਾ ।

ਇਸ ਪ੍ਰਸੰਗ ਦੀ ਯਾਦ ਅੰਦਰ ਉਸ ਥਾਉਂ 'ਨਾਨਕਿਆਨੇ' ਨਾਮ ਦਾ ਗੁਰਦੁਆਰਾ ਇਸਥਿਤ ਹੈ ।

(13) ਜ਼ਿਲਾ ਮੁਲਤਾਨ ਦੇ ਤਲੁੰਬਾ ਨਾਮ ਦੇ ਕਸਬੇ ਲਾਗੇ ਇਕ ਗੁਰਦੁਆਰਾ ਹੈ ਜਿਥੇ 'ਸਜਣ' ਨਾਉ ਦਾ ਇਕ ਮਨੁਖ ਰਹਿੰਦਾ ਸੀ ਜਿਸ ਨੇ ਆਏ ਗਏ ਲੋਕਾਂ ਵਾਸਤੇ ਇਕ ਥਾਉਂ ਨਿਸਚਿਤ ਕੀਤਾ ਹੋਇਆ ਸੀ । ਜਿਥੇ ਹਰ ਮਨੁਖ ਜੋ ਉਥੇ ਆ ਜਾਵੇ, ਉਸ ਦੇ ਲੰਗਰ ਪਾਣੀ ਤੇ ਬਿਸਰਾਮ ਦਾ ਪ੍ਰਬੰਧ ਸੀ । ਰਾਹੀ ਪਾਂਧੀ ਆਮ ਤੌਰ ਹੀ ਉਸ ਪਾਸ ਰਾਤ ਬਰਾਤੇ ਟਿਕਿਆ ਕਰਦੇ ਸਨ । ਉਸ ਦਾ ਨਿਤ ਵਿਹਾਰ ਬਣਿਆ ਹੋਇਆ ਸੀ ਕਿ ਆਇਆ ਪ੍ਰਾਹੁਣਾ ਜਿਤਨਾ ਅਮੀਰ ਉਸ ਨੂੰ ਪ੍ਰਤੀਤ ਹੋਵੇ ਉਸ ਦੀ ਉਤਨੀ ਵਧੇਰੀ ਸੇਵਾ ਹੁੰਦੀ ਸੀ । ਪਰ ਰਾਤ ਸਮੇਂ ਓਹ ਆਏ ਪ੍ਰਾਹੁਣੇ ਪਾਸੋਂ ਜੋ ਕੁਝ ਉਸ ਪਾਸ ਹੋਵੇ ਖੋਹ ਲੈਂਦਾ ਅਤੇ ਉਸ ਨੂੰ ਕਤਲ ਕਰਕੇ ਉਸ ਦਾ ਨਾਮ ਨਿਸ਼ਾਨ ਮਿਟਾ ਦੇਂਦਾ ।

ਇਕ ਦਿਨ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਭੀ ਉਥੇ

ਠਹਿਰੇ। ਉਹਨਾਂ ਨਾਲ ਭੀ ਉਹੋ ਜੇਹਾ ਵਰਤਾਉ ਕਰਨਾ ਚਾਹੁੰਦਾ ਸੀ ਪਰ ਗੁਰੂ ਜੀ ਸਾਰੀ ਰਾਤ ਹੀ ਗੁਰੂਬਾਣੀ ਦਾ ਗਾਇਨ ਕਰਦੇ ਅਤੇ ਮਰਦਾਨਾ ਰਬਾਬ ਵਜਾਉਂਦਾ ਰਿਹਾ। ਇਸ਼ ਸਮੇਂ ਅੰਦਰ ਗੁਰੂ ਜੀ ਨੇ ਹੇਠਾ ਦਰਜ ਸ਼ਬਦ ਵੀ ਗਾਇਆ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹ
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹ ਸੂਹੀ ਮ: ੧ 729

ਇਹ ਸ਼ਬਦ ਸਜਣ ਦਾ ਹੀ ਚਿਤਰ ਪੇਸ਼ ਕਰਦਾ ਸੀ ਜਿਸ ਨੂੰ ਸੁਣ ਉਸ ਦਾ ਅੰਦਰ ਕੰਬ ਗਿਆ ਅਤੇ ਓਹ ਗੁਰੂ ਜੀ ਦੇ ਚਰਨਾ ਤੇ ਡਿਗ ਪਿਆ ਅਤੇ ਪਿਛੇ ਕੀਤੇ ਆਪਣੇ ਸਾਰੇ ਉਪੱਦਰ ਗੁਰੂ ਜੀ ਨੂੰ ਦਸ ਕੇ ਦਿਲੋਂ ਦੀ ਮੁਆਫੀ ਮੰਗੀ ਅਤੇ ਅਗੋਂ ਲਈ ਵਾਸਤਵ ਵਿਚ ਹੀ ਸਜਣ ਬਣ ਵਿਚਰਿਆ।

ਉਕਤ ਗੁਰਦੁਆਰਿਆਂ ਤੋਂ ਇਲਾਵਾ ਪਾਕਸਤਾਨ ਅੰਦਰ ਰਹੇ ਹੋਰ ਕਈ ਗੁਰਦੁਆਰੇ ਹਨ ਜਿਨ੍ਹਾਂ ਵਿਚ ਵਿਸ਼ੇਸ਼ ਹਨ

(14) ਮਾਤਾ ਤ੍ਰਿਪਤਾ ਜੀ ਦੇ ਪੇਕੇ ਪਿੰਡ ਡੇਰਾ ਚਾਹਲ ਦਰਿਆ ਰਾਵੀ ਲਾਗੇ ਇਕ ਗੁਰਦੁਆਰਾ ਹੈ।

(15) ਕੇਰ ਬਾਬਾ ਨਾਨਕ ਜ਼ਿਲ੍ਹਾ ਗੁਜਰਾਤ ਵਿਚ ਹੈ

(16, 17) ਜ਼ਿਲ੍ਹਾ ਗੁਜਰਾਂਵਾਲਾ ਵਿਚ ਹਾਫਜਾਬਾਦ ਅਤੇ ਬਚੇ ਨੌ ਛੋ ਗੁਰਦੁਆਰੇ ਹਨ ਜਿਥੇ ਗੁਰੂ ਹਰਿ ਗੋਬਿੰਦ ਸਾਹਿਬ ਕਸ਼ਮੀਰ ਤੋਂ ਨਨਕਾਣਾ ਸਾਹਿਬ ਜਾਂਦੇ ਹੋਏ ਰਸਤੇ ਵਿਚ ਠਹਿਰੇ।

(18) ਨਨਕਾਣਾ ਸਾਹਿਬ ਤੋਂ 25 ਕਿਲੋਮੀਟਰ ਦਰਿਆ ਰਾਵੀ ਕੰਢੇ

ਗੁਰਦੁਆਰਾ ਜਾਤਰੀ ਹੈ ਜਿਥੇ ਪਿੰਡ ਜੰਬਰ ਦੇ ਸਿਖਾਂ ਵਿਚਾਲ ਹੋਇਆ ਝਗੜਾ ਨਿਪਟਾਉਣ ਲਈ ਜਾਣ ਸਮੇਂ ਗੁਰੂ ਅਰਜਨ ਦੇਵ ਜੀ ਠਹਿਰੇ ਸਨ।

ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਜੰਬਰ ਪਿੰਡ ਵਿਚ ਗੁਰਦੁਆਰਾ ਹੈ

(19) ਦਰਿਆ ਰਾਵੀ ਦੇ ਬੱਲੋ ਕੇ ਹੈਡ ਤੋਂ ਛੇ ਕਿਲੋਮੀਟਰ ਦੂਰ ਰਾਵੀ ਦੇ ਉਤਰ ਵੰਨੇ ਗੁਰੂ ਹਰਿ ਗੋਬਿੰਦ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਹਫ਼ਤ ਮਦਰ ਹੈ ਇਸ ਗੁਰਦੁਆਰੇ ਦੇ ਮਹੰਤ ਪਾਸ ਗੁਰੂ ਜੀ ਦੇ ਪੈਰਾਂ ਦਾ ਜੁੱਤਾ ਸੰਭਾਲਿਆ ਹੋਇਆ ਹੈ।

(20) ਤਹਿਸੀਲ ਫਤਿਹ ਜੰਗ ਜ਼ਿਲ੍ਹਾ ਕੈਂਬਲ ਪੁਰ ਵਿਚ ਗੁਰੂ ਕੇ ਸਿਖ ਭਾਈ ਥਾਨ ਸਿੰਘ ਦੀ ਡੇਹਰੀ ਹੈ।

(21) ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਅਕਾਲੀ ਫੂਲਾ ਸਿੰਘ ਦੀ ਸਮਾਧ ਜ਼ਿਲ੍ਹਾ ਕੈਂਬਲ ਪੁਰ ਵਿਚ ਹੈ।

(22) ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ੍ਰ. ਮਹਾਂ ਸਿੰਘ ਦੀ ਸਮਾਧ ਗੁਜਰਾਂਵਾਲਾ ਸ਼ਹਿਰ ਵਿਚ ਹੈ।

(23) ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ੍ਰ. ਹਰੀ ਸਿੰਘ ਨਲੂਏ ਦੀ ਸਮਾਧ ਜ਼ਿਲਾ ਪਿਸ਼ਾਵਰ ਅੰਦਰ ਜਮਰੌਦ ਵਿਖੇ ਹੈ।

(24) ਮੁਲਤਾਨ ਸ਼ਹਿਰ ਦੇ ਮਧ ਵਿਚ ਭਾਈ ਦਿਆਲ ਦੀ ਯਾਦ ਵਿਚ ਗੁਰਦੁਆਰਾ ਭਾਈ ਦਿਆਲਾ ਇਸਥਿਤ ਹੈ।

(25) ਪਿਸ਼ਾਵਰ ਵਿਖੇ ਭਾਈ ਜੋਗਾ ਸਿੰਘ ਦੀ ਯਾਦ ਵਿਚ ਬਣਿਆ ਗੁਰਦੁਆਰਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਵਿਸ਼ੇਸ਼ ਹੁਕਮ ਪੁਜਣ ਤੇ ਭਾਈ ਜੋਗਾ ਸਿੰਘ ਆਪਣੇ ਵਿਆਹ ਦੀਆਂ ਲਾਵਾਂ ਵਿਚੇ ਛਡ ਗੁਰੂ ਜੀ ਪਾਸ ਹਾਜ਼ਰ ਹੋਇ ਸਨ।

ਅਸੀਂ ਇਹ ਦਾਹਵਾ ਨਹੀਂ ਕਰ ਸਕਦੇ ਕਿ ਪਾਕਸਤਾਨ ਅੰਦਰ

ਰਹੇ ਗੁਰਦੁਆਰਿਆਂ ਦੀ ਉਕਤ ਮੁਕੰਮਲ ਸੂਚੀ ਹੈ ਸੰਭਵ ਹੈ ਕਿ ਕੋਈ ਹੋਰ ਇਤਿਹਾਸਕ ਗੁਰਦੁਆਰੇ ਭੀ ਹੋਣ ਅਗਰ ਕਿਸੇ ਸਜਣ ਨੂੰ ਇਨ੍ਹਾਂ ਦੀ ਜਾਣਕਾਰੀ ਹੋਵੇ ਤਾਂ ਓਹ ਗੁਰੂ ਨਾਨਕ ਦੇਵ ਮਿਸ਼ਨ ਨੂੰ ਲਿਖ ਭੇਜੇ ਤਾਂ ਕਿ ਇਸ ਲੇਖ ਦੇ ਦੋਬਾਰਾ ਪ੍ਰਕਾਸ਼ਤ ਕਰਨ ਸਮੇਂ ਇਹ ਸੂਚੀ ਵਿਚ ਸ਼ਾਮਲ ਕਰ ਲਏ ਜਾਣ।

ਹਿੰਦੋਸਤਾਨ ਦੀ ਦੇਸ਼ ਵੰਡ ਹੋਇ ਨੂੰ 43 ਸਾਲ ਬੀਤ ਚੁਕੇ ਹਨ ਇਸ ਸਮੇਂ ਅੰਦਰ ਸਿਵਾਏ ਪੰਜ ਸਤ ਉਘੇ ਗੁਰਦੁਆਰਿਆਂ ਨੇ ਜਿਨ੍ਹਾਂ ਦੀ ਯਾਤਰਾਂ ਨੂੰ ਸਿਖ ਇਨ੍ਹਾਂ ਸਾਲਾਂ ਅੰਦਰ ਜਾਂਦੇ ਰਹੇ ਹਨ, ਬਾਕੀ ਗੁਰਦੁਆਰਿਆਂ ਬਾਰੇ ਕੁਛ ਪਤਾ ਨਹੀਂ ਕਿ ਓਹ ਕਿਸ ਦਸ਼ਾ ਵਿਚ ਹਨ ਅਤੇ ਜੇ ਇਕ ਦੋ ਪੁਸ਼ਤਾਂ ਹੋਰ, ਸਿਖ ਇਨਾਂ ਬਾਰੇ ਸਹੀ ਜਾਣਕਾਰੀ ਨ ਲੈ ਸਕੇ ਤਾਂ ਇਨ੍ਹਾਂ ਦਾ ਹਮੇਸ਼ਾ ਲਈ ਭੁੱਲ ਜਾਣਾ ਵੀ ਸੰਭਵ ਹੋਵੇਗਾ।

ਇਸ ਖਰਬਾਏ ਸ਼੍ਰ: ਗੁ: ਪ੍ਰ. ਕਮੇਟੀ ਅਤੇ ਦੇਸ਼ ਦੀ ਕੇਂਦਰੀ ਸ੍ਰਕਾਰ ਤਥਾ ਭਾਰਤੀ ਵਿਧਾਨ ਸਭਾਵਾਂ ਦੇ ਸਿਖ ਮੈਂਬਰਜ਼ ਨੂੰ ਧਿਆਨ ਦੇਣਾ ਚਾਹੀਦਾ ਹੈ।

ਸਕੱਤਰ

ਗੁਰੂ ਨਾਨਕ ਦੇਵ ਮਿਸ਼ਨ

ਟਰੈਕਟ ਨੰਬਰ ੩੯੪ ਲਈ ਸਹਾਇਕ

1 ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ।
2 ਸ੍ਰੀ ਗੁਰੂ ਸਿੰਘ ਸਭਾ ਪੀਰੂ ਮਨੂਰ ਕੋਚੀਨ
3 ਗੁਰਬਾਣੀ ਪ੍ਰਚਾਰ ਕੇਂਦਰ ਹੁਸ਼ਿਆਰਪੁਰ
4 ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
5 ਬਾਬਾ ਤੇਜਾ ਸਿੰਘ ਟ੍ਰਸਟ ਵੈਸਟ ਪਟੇਲ ਨਗਰ, ਨਵੀਂ ਦਿੱਲੀ
6 ਸ. ਗੁਰਚਰਨ ਸਿੰਘ ਜਗਰਾਓਂ
7 ਸ. ਬਲਦੇਵ ਸਿੰਘ ਐਂਡ ਸਨਜ਼ ਜਗਰਾਓਂ
8 ਗਿਆਨੀ ਅਵਤਾਰ ਸਿੰਘ ਨੂਰਾਨੀ ਜੋਤਿ ਆਰਟ ਪ੍ਰੈਸ, ਜਗਰਾਓਂ
9 ਸ. ਸੁਰਜੀਤ ਸਿੰਘ, ਸੁਰਜੀਤ ਕੌਰ ਨਵੀਂ ਬਸਤੀ ਜਗਰਾਓਂ
10 ਸ. ਮਾਨ ਸਿੰਘ ਤੀ ਨਗਰ ਨਵੀਂ ਦਿੱਲੀ
11 ਸ. ਇੰਦਰ ਸਿੰਘ ਨਿਊ ਪ੍ਰੇਮ ਨਗਰ ਲੁਧਿਆਣਾ
12 ਬੀਬੀ ਕਸ਼ਮੀਰ ਕੌਰ ਸੁਪਤਨੀ ਸ੍ਰ: ਬਚਨ ਸਿੰਘ ਵਿਨੀਪੈਗ, ਕੈਨੇਡਾ
13 ਸ. ਨਰਿੰਦਰਪਾਲ ਸਿੰਘ ਨਿਰਮਾਣ ਵਿਹਾਰ ਨਵੀਂ ਦਿੱਲੀ
14 ਸ. ਦਲਜੀਤ ਸਿੰਘ ਨਿਆਮਤਪੁਰ ਜਿਲਾ ਬੁਰਦਵਾਨ W.B.
15 ਸ. ਗੁਰਚਰਨ ਸਿੰਘ ਇੰਡੀਅਨ ਆਟੋਮੋਬਾਇਲਜ਼ ਕੁਰਨੂਲ A.P.
16 ਕੈਪਟਨ ਹਰਗੋਬਿੰਦ ਸਿੰਘ ਗੋਬਿੰਦ ਨਗਰ ਡੇਹਰਾਦੂਨ
17 ਸ ਇੰਦਰਜੀਤ ਸਿੰਘ ਸਰਾਭਾ ਨਗਰ ਲੁਧਿਆਣਾ
18 ਸ. ਜੋਗਿੰਦਰ ਸਿੰਘ ਬੂਟਾ ਸਿੰਘ ਵਾਲਾ ਪਟਿਆਲਾ

1 ਨਾਨਕ ਨਿਰਮਲ ਪੰਥ ਚਲਾਇਆ ਮੁੱਲ 10 ਰੁਪਏ ਇਲਾਵਾ ਡਾਕ ਖਰਚ
2 ਵਰਿਆਮ ਇਕੇਲਾ...ਦੂਜੀ ਛਾਪ 15 ਰੁਪਏ ।
3 ਕਿਉਂ ਕੀਤ ਵੇਸਹੁ 10 ਰੁਪਏ
4 ਸਿਖ ਵੀਰਾਂ ਨੂੰ ਹਲੂਣਾ 7-50
5 ਜਥੇਦਾਰ ਕਰਤਾਰ ਸਿੰਘ ਝਬਰ 15 ਰੁਪੈ
6 ਗੁਰਦੁਆਰਾ ਪ੍ਰਬਧ ਸੁਧਾਰ ਲਹਿਰ 1920-25 4 ਰੁਰਏ

ਮਿਸ਼ਨ ਦਾ ਸਾਲਾਨਾ ਚੰਦਾ 20/- ਇਕ ਵੇਰ ਜੀਵਨ ਪਰਯੰਤ ਚੰਦਾ 150/-
ਪਰਦੇਸ਼ਾਂ ਲਈ ਮੰਦਰੀ ਡਾਕ 300/- ਰੁਪੈ ਹਵਾਈ ਡਾਕ 500/- ਰੁਪਏ

ਪ੍ਰਕਾਸ਼ਕ ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਦੂਜੀ ਵਾਰ ਸਿਤੰਬਰ 1990

ਛਾਪਕ ਐਨਸਨ ਪ੍ਰਿੰਟਰਜ਼ ਪਟਿਆਲਾ-70564